## ਹਰਿ ਕਾ ਸਿਮਰਨੁ ਛਾਡਿ ਕੈ

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥**

**ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥੧੦੬॥**

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ ਵਾਹਗੁਰੂ ਦਾ ਸਿਮਰਨ/ਜਾਪ ਛਡ ਕੇ, ਜਾਂ ਨਾ ਕਰ ਕੇ ਸਦਾ ਆਪਣੇ ਟੱਬਰ ਨੂੰ ਪਾਲਣ ਦੇ ਆਹਰ ਅਤੇ ਸੋਚ ਵਿਚ ਹੀ ਰੁਝਿਆ ਰਹਿੰਦਾ ਹੈ, ਇਵ ਜਾਣੋ ਕਿ ਉਹ ਦੁਨਿਆਵੀ ਧੰਧਿਆਂ ਜੋਗਾ ਹੀ ਰਹਿ ਜਾਂਦਾ ਹੈ ਪਰ ਉਸ ਨੂੰ ਕਿਸੇ ਕਿਸਮ ਦੀ ਅਧਿਆਤਮਕ ਪ੍ਰਾਪਤੀ ਨਹੀਂ ਹੋ ਸਕਦੀ, ਮਨੁਖ ਨੂੰ ਇਹ ਸਮਝਣਾ ਚਾਹੀਦਾ ਸੀ ਕਿ ਇਹ ਭਾਈ, ਬੰਧੂ, ਰਿਸ਼ਤੇਦਾਰ ਸਦਾ ਨਹੀਂ ਰਹਿਣੇ, ਪੱਕੇ ਤੌਰ ਤੇ ਵਿਛੜਨੇ ਹੀ ਹਨ। ਸੋ ਇਹ ਸਿਰਫ਼ ਨਿਹਫ਼ਲ/ਬੇਕਾਰ ਦੀ ਕਾਰ ਹੈ।

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥**

**ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥੧੦੭॥**

ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਜੋ ਪ੍ਰਭੂ ਦੇ ਸਿਮਰਨ ਨੂੰ ਨਾ ਕਰਕੇ ਰਾਤ ਦੇ ਜਗਰਾਤਿਆਂ ਤੇ ਜਾਂਦਾ ਹੈ ਜਾਂ ਕਿਸੇ ਵੀ ਹੋਰ ਬੇਕਾਰ ਦੇ ਕੰਮਾਂ ਵਿਚ ਸਿਮਰਨ ਵਾਲਾ ਸਮਾਂ ਗਵਾਂਦਾ ਹੈ, ਉਹ ਅਗਲੇ ਜਨਮ ਸਪਣੀ ਦੀ ਜੂਨ ਪੈਂਦਾ ਹੈ ਅਤੇ ਸਪਣੀ ਦੇ ਸੁਭਾਅ ਮੁਤਾਬਕ ਆਪਣੇ ਹੀ ਜੰਮੇ ਬੱਚੇ ਖਾਂਦਾ ਹੈ।

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥**

**ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥੧੦੮॥**

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਇਹ ਮਨੁਖਾ ਜਨਮ ਸਿਮਰਨ ਲਈ ਹੀ ਮਿਲਿਆ ਹੈ, ਪਰ ਜੋ ਮਨੁਖ ਇਹ ਅਸਲੀ ਕੰਮ, ਸਿਮਰਨ ਨਾ ਕਰ ਕੇ ਸੀਤਲਾ ਆਦਿ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ ਉਸਦਾ ਅਗਲਾ ਜਨਮ ਗਧੀ (female donkey) ਦਾ ਹੁੰਦਾ ਹੈ ਅਤੇ ਫ਼ਲਸਰੂਪ ਗੱਧੀ ਦਾ ਜਨਮ ਹੋਣ ਕਰ ਕੇ ਚਾਰ ਚਾਰ ਮਣ ਭਾਰ ਹੀ ਢੋਣਾ ਪੈਂਦਾ ਹੈ।

ਭਗਤ ਨਾਮਦੇਵ ਜੀ ਵੀ ਇਸ ਸਚਿਆਈ ਦੀ ਗਵਾਹੀ ਭਰਦੇ ਹਨ ਕਿ ਜੋ ਮਨੁਖ ਭੈਰਉ ਦੀ ਅਰਾਧਨਾ ਕਰਦਾ ਹੈ ਉਹ, ਵਧ ਤੋਂ ਵਧ, ਭੂਤ ਦੀ ਜੂਨ ਵਿਚ ਪੈਂਦਾ ਹੈ ਅਤੇ ਜੋ ਸੀਤਲਾ, ਇਕ ਬਿਮਾਰੀ ਦੀ ਦੇਵੀ, ਦੀ ਅਰਾਧਨਾ ਕਰਦਾ ਹੈ ਉਹ ਸੀਤਲਾ ਦੀ ਸਵਾਰੀ, ਖੋਤੇ ਦੀ ਜੂਨ ਨੂੰ ਪ੍ਰਾਪਤ ਕਰਦਾ ਹੈ ਅਤੇ ਮਿਟੀ ਹੀ ਉਡਾਉਂਦਾ ਹੈ - 'ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨ ਉਹੁ ਛਾਰ ਉਡਾਵੈ॥', ਪੰਨਾ ੮੭੪. (ਭੈਰਉ ਦੇ ਕਈ ਅਰਥ ਹਨ, ਇਹ ਸ਼ਿਵ ਦੀ ਭਿਆਨਕ ਸ਼ਕਲ ਦਾ ਵੀ ਇਕ ਨਾਂ ਮੰਨਿਆਂ ਜਾਂਦਾ ਹੈ। ਕਹਿੰਦੇ ਹਨ ਕਿ ਇਹ ਇਕ ਜਤੀ ਦਾ ਵੀ ਨਾਂ ਸੀ ਜਿਸ ਦੀ ਸਵਾਰੀ ਕਾਲੇ ਕੁਤੇ ਦੀ ਸੀ, ਆਦਿ।) ਪਰ ਭਗਤ ਜੀ ਸਪੱਸ਼ਟ ਕਰਦੇ ਹਨ ਕਿ ਉਹ ਤਾਂ ਇਕ ਰਮਈਆ, ਰਾਮ ਪ੍ਰਭੂ ਦੀ ਅਰਾਧਨਾ ਕਰਦੇ ਹਨ ਅਤੇ ਸਾਰੇ ਦੇਵਤੇ ਉਸ ਦੇ ਵੱਟੇ, ਬਦਲੇ ਵਿਚ ਤਿਆਗਦੇ ਹਨ - 'ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥'